International Journal of Research
Special Issue for UGC Approved Journal-Punjabi Papers
Available at https://edupediapublications.org/journals
e-ISSN: 2348-6848
p-ISSN: 2348-795X
Volume 04 Issue 19
December 2017

# ਪ੍ਰਦੇਸੀ ਪੰਜਾਬੀ ਔਰਤ ਦੇ ਦੁੱਖ ਦੀ ਮਾਨਸਿਕ ਪੇਸ਼ਕਾਰੀ : ਫਰੰਗੀਆਂ ਦੀ ਨੂੰਹ

ਪ੍ਰੋ. ਗੁਰਮਿੰਦਰ ਜੀਤ ਕੋਰ
ਪੰਜਾਬੀ ਵਿਭਾਗ
ਗੁਰੂ ਨਾਨਕ ਕਾਲਜ, ਕਿੱਲਿਆਂਵਾਲੀ

ਪੰਜਾਬੀ ਕਹਾਣੀ ਸਥਾਪਤੀ ਦੇ ਵਿਰੋਧ ਵਿੱਚ ਜੂਝਦੇ ਮਨੁੱਖ ਦੀ ਹੋਂਦ ਦੇ ਸਵਾਲਾਂ ਨੂੰ ਮੁਖ਼ਾਤਿਬ ਰਹੀ ਹੈ। ਇਹ ਕਹਾਣੀ ਸਮਕਾਲੀ ਪ੍ਰਸਥਿਤੀਆਂ ਵਿਚੋਂ ਉਪਜੀਆਂ ਸਮੱਸਿਆਵਾਂ ਨਾਲ ਨਿਰੰਤਰ ਰੂਪ ਵਿਚ ਸੰਘਰਸ਼ਸ਼ੀਲ ਹੋਣ ਦੇ ਨਾਲ ਨਾਲ ਸਮਾਜਿਕ ਅਤੇ ਦੇਹ ਦੇ ਮਸਲਿਆਂ ਨੂੰ ਵੀ ਆਪਣੇ ਕਲੇਵਰ ਵਿਚ ਸਮੇਟਦੀ ਰਹੀ ਹੈ। ਇਸ ਵਿਚ ਕਾਮ ਅਤੇ ਅਰਥ ਦੇ ਸਵਾਲ ਪ੍ਰਮੁੱਖ ਸਵਾਲ ਬਣ ਕੇ ਉੱਭਰਦੇ ਹਨ। ਅੱਜ ਇਹ ਸਵਾਲ ਸਮਾਜਿਕ ਆਰਥਿਕ ਬਣਤਰ ਤੇ ਅਧਾਰਿਤ ਹਰ ਵਰਗ ਨੂੰ ਪ੍ਰਭਾਵਿਤ ਕਰ ਰਹੇ ਹਨ। ਵਿਸ਼ਵੀਕਰਨ ਦੇ ਵਰਤਾਰੇ ਨੇ ਵਿਕਾਸਸ਼ੀਲ ਦੇਸ਼ਾਂ ਦੀ ਸਮਾਜਿਕ ਆਰਥਿਕ ਬਣਤਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ।. . . ਸੂਚਨਾ ਕ੍ਰਾਂਤੀ ਨੇ ਰੂੜੀਵਾਦੀ ਮੁੱਲਾਂ ਨੂੰ ਕਮਜ਼ੋਰ ਵੀ ਕੀਤਾ ਹੈ ਤੇ ਨਵੇਂ ਆਦਰਸ਼ ਵੀ ਸਾਹਮਣੇ ਆਏ ਹਨ। ਇਕੋ ਸਥਿਤੀ ਨੂੰ ਕਈ ਕੋਣਾਂ ਤੋਂ ਵੇਖਣ ਦੀ ਪ੍ਰਵਿਰਤੀ ਵਧੀ ਹੈ। . . .ਪੇਂਡੂ ਸਮਾਜਚਾਰੇ ਵਿਚ ਗੰਭੀਰ ਤਬਦੀਲੀਆਂ ਵਾਪਰ ਰਹੀਆਂ ਹਨ, ਇਨ੍ਹਾਂ ਤਬਦੀਲੀਆਂ ਨੂੰ ਪੇਸ਼ ਕਰਨ ਵਾਲਾ ਨਵਾਂ ਮੁਹਾਵਰਾ ਵੀ ਸਾਹਮਣੇ ਆ ਰਿਹਾ ਹੈ ਅਤੇ ਕਹਾਣੀਕਾਰਾਂ ਦਾ ਨਵਾਂ ਪੂਰ ਵੀ।[(1)] ਪਰਵਾਸੀ ਪੰਜਾਬੀ ਕਹਾਣੀ ਖੇਤਰ ਵਿੱਚ ਬਰਤਾਨੀਆ ਵਿੱਚ ਸਥਾਪਤ ਲੇਖਿਕਾ 'ਵੀਨਾ ਵਰਮਾ' ਹਮੇਸ਼ਾਂ ਚਰਚਾ ਵਿੱਚ ਰਹਿਣ ਵਾਲਾ ਨਾਂ ਹੈ। 'ਮੁੱਲ ਦੀ ਤੀਵੀਂ' ਕਹਾਣੀ ਸੰਗ੍ਰਹਿ ਨਾਲ ਬੇਬਾਕ ਕਹਾਣੀਕਾਰਾ ਵਜੋਂ ਸਥਾਪਤ ਹੋਈ 'ਵੀਨਾ ਵਰਮਾ' ਨੇ ਇਸ ਤੋਂ ਬਾਅਦ ਵਾਲੇ ਕਹਾਣੀ ਸੰਗ੍ਰਹਾਂ ' ਫਰੰਗੀਆਂ ਦੀ ਨੂੰਹ' ਤੇ 'ਜੋਗੀਆਂ ਦੀ ਧੀ' ਨਾਲ ਵੀ ਆਪਣੇ ਚਰਚਾ ਵਿੱਚ ਰਹਿਣ ਵਾਲੇ ਅਮਲ ਨੂੰ ਟੁੱਟਣ ਨਹੀਂ ਦਿੱਤਾ। ਹਰੇਕ ਕਹਾਣੀ ਸੰਗ੍ਰਹਿ ਨਾਲ 'ਵੀਨਾ ਵਰਮਾ' ਨੇ ਆਪਣੀ ਹੋਂਦ ਨੂੰ ਹੋਰ ਮਜ਼ਬੂਤ ਕੀਤਾ। 'ਫਰੰਗੀਆਂ ਦੀ ਨੂੰਹ' 'ਵੀਨਾ ਵਰਮਾ' ਦਾ ਦੂਜਾ ਕਹਾਣੀ ਸੰਗ੍ਰਹਿ ਹੈ ਜਿਸ ਵਿੱਚ ਪਹਿਲੇ ਕਹਾਣੀ ਸੰਗ੍ਰਹਿ ਦੇ ਵਾਂਗ 15 ਕਹਾਣੀਆਂ ਦਰਜ ਹਨ ਤੇ ਪਹਿਲੇ ਕਹਾਣੀ ਸੰਗ੍ਰਹਿ ਦੇ ਵਾਂਗ ਇਸ ਕਹਾਣੀ ਸੰਗ੍ਰਹਿ ਵਿੱਚ ਵੀ ਉਹੀ ਨਾਰੀ ਬਿੰਬ ਉੱਭਰ ਕੇ ਸਾਹਮਣੇ ਆਉਂਦਾ ਹੈ ਜਿਹੜਾ ਉਸਦੀਆਂ ਕਹਾਣੀਆਂ ਦਾ ਮੂਲ ਕੇਂਦਰ ਬਿੰਦੂ ਹੈ। ਇਹ ਬਿੰਬ ਇਕੱਲਤਾ, ਉਪਰਾਮਤਾ ਅਤੇ ਤ੍ਰਾਸਦਿਕ ਹਾਲਤ ਵਿੱਚ ਜਿਉਂਦੀ ਔਰਤ ਦਾ ਹੈ। 'ਵੀਨਾ ਵਰਮਾ' ਦੀਆਂ ਕਹਾਣੀਆਂ ਦੀ ਪਾਤਰ ਅਸਲ ਵਿੱਚ ਉਹ ਔਰਤ ਹੈ ਜਿਹੜੀ ਆਪਣੀ ਮਾਨਸਿਕ ਆਜ਼ਾਦੀ ਦੇ ਲਈ ਸਮਾਜ ਦੁਆਰਾ ਸਥਾਪਤ ਸਮਾਜਿਕ ਅਤੇ ਭਾਈਚਾਰਕ ਪ੍ਰਤਿਮਾਨਾਂ ਨੂੰ ਉਲੰਘ ਕੇ ਬਗਾਵਤੀ ਰੁਖ ਅਖ਼ਤਿਆਰ ਕਰਦੀ ਹੋਈ ਸਮਾਜ ਖ਼ਿਲਾਫ਼ ਝੰਡਾ ਚੁੱਕਦੀ ਹੈ ਤੇ ਸਾਡਾ ਧਿਆਨ ਆਪਣੇ ਵੱਲ ਆਕ੍ਰਸ਼ਿਤ ਕਰਨ ਵਿੱਚ ਸਫ਼ਲਤਾ ਹਾਸਲ ਕਰਦੀ ਹੈ। 'ਫਰੰਗੀਆਂ ਦੀ ਨੂੰਹ' ਦੇ ਆਰੰਭ ਵਿੱਚ 'ਵੀਨਾ ਵਰਮਾ' ਲਿਖਦੀ ਹੈ, **" behind every brave woman there is whole society to tell her that she is wrong"** [(2)]

'ਫਰੰਗੀਆਂ ਦੀ ਨੂੰਹ' ਕਹਾਣੀ ਸੰਗ੍ਰਹਿ ਦੀਆਂ 15 ਖ਼ੂਬਸੂਰਤ ਕਹਾਣੀਆਂ ਵਿੱਚ ਸਮਾਜ ਦੇ ਕੌੜੇ ਸੱਚ ਨੂੰ ਨੰਗਿਆਂ ਕਰਨ ਦੇ ਨਾਲ ਨਾਲ ਇਨਸਾਨੀ ਮਨ ਦੇ ਕੋਮਲ ਜਜ਼ਬਿਆਂ ਨੂੰ ਵੀ ਖ਼ੂਬਸੂਰਤੀ ਅਤੇ ਬੇਬਾਕੀ ਨਾਲ ਪੇਸ਼ ਕੀਤਾ ਗਿਆ ਹੈ। ਇਹਨਾਂ ਕਹਾਣੀਆਂ ਦੀ ਪਿੱਠ ਭੂਮੀ ਅਤੇ ਕੇਂਦਰੀ ਧਰਾਤਲ 'ਵਿਦੇਸ਼ ਦੀ ਧਰਤੀ' ਹੈ। ਕਹਾਣੀਆਂ ਦਾ ਵਿਸ਼ਾ ਬਹੁਪਾਸਾਰੀ ਹੈ ਪਰ ਇਹ ਬਹੁਪਾਸਾਰਤਾ ਔਰਤ ਦੇ ਮਨ ਦੀਆਂ ਗੰਢਾਂ ਖੋਲ੍ਹਦੀ ਹੈ ਤੇ ਪਰਦੇਸ ਦੀ ਧਰਤੀ 'ਤੇ ਹੋਣ ਵਾਲੀਆਂ ਦੁਸ਼ਵਾਰੀਆਂ, ਦੁਰਾਚਾਰੀਆਂ ਤੇ ਪੰਜਾਬੋ ਗਈਆਂ ਕੁੜੀਆਂ ਨਾਲ ਬੀਤਦੀਆਂ ਘਟਨਾਵਾਂ ਨੂੰ ਬੜੀ ਮਹੀਨਤਾ ਨਾਲ ਪੇਸ਼ ਕਰਦੀ ਹੈ। 'ਵੀਨਾ ਵਰਮਾ' ਜਾਣਦੀ ਹੈ ਕਿ ਇਧਰੋਂ ਗਈਆਂ ਕੁੜੀਆਂ ਨਾਲ ਕੀ -ਕੀ ਅਤੇ ਕਿਵੇਂ-ਕਿਵੇਂ ਵਾਪਰਦਾ ਹੈ। ਔਰਤ ਕਿੰਨਾ ਹਾਲਾਤਾਂ ਵਿਚੋਂ ਗੁਜ਼ਰਦੀ ਹੈ ਤੇ ਕੀ-ਕੀ ਸਹਾਰਦੀ ਹੈ? ਇਸ ਸਭ ਕਾਸੇ ਨੂੰ ਸਹਾਰਨ ਤੋਂ ਬਾਅਦ ਜਾਂ ਸਹਾਰਦਿਆਂ ਸਹਾਰਦਿਆਂ ਔਰਤ ਸ਼ਰੇਆਮ ਸੁਤੰਤਰਤਾ ਦਾ ਨਾਅਰਾ ਦਿੰਦੀ ਘਰੋਂ ਬਾਹਰ 'ਮਰਦ-ਸੰਬੰਧ' ਰੱਖਦੀ ਹੈ ਜਿਸ ਤਰ੍ਹਾਂ ਪਰਿਵੇਸ਼ 'ਫਰੰਗੀਆਂ ਦੀ ਨੂੰਹ' ਕਹਾਣੀ ਵਿੱਚ ਵੇਖਣ ਨੂੰ ਮਿਲਦਾ ਹੈ। ਇਸ ਕਹਾਣੀ ਦੀ ਮੁੱਖ ਪਾਤਰ 'ਸ਼ਾਂਤੀ' ਜਿਹੜਾ 12 ਕੁ ਸਾਲ ਪਹਿਲਾਂ ਵਿਆਹ ਕਰਵਾ ਕੇ ਇੰਗਲੈਂਡ ਵਿੱਚ ਜਾਂਦੀ ਹੈ ਪਰ ਉਹਦੀ ਜ਼ਿੰਦਗੀ ਇੱਕ ਭਾਰਤੀ ਪੰਜਾਬੀ ਔਰਤ ਵਾਂਗ ਹੀ ਗੁਜ਼ਰਦੀ ਹੈ। ਸਾਰੇ ਪਰਿਵਾਰ ਦੇ ਅਧੀਨ ਰਹਿੰਦੀ ਹੈ। ਸਹੁਰਾ ਪਰਿਵਾਰ ਉਹਦੇ ਨਾਲ ਬਹੁਤ ਬੁਰੀ ਤਰ੍ਹਾਂ ਪੇਸ਼ ਆਉਂਦਾ ਹੈ ਇੱਥੋਂ ਤੱਕ ਕਿ ਕਈ ਵਾਰ 'ਸ਼ਾਂਤੀ' ਨੂੰ ਕੁੱਟਿਆ ਵੀ ਜਾਂਦਾ ਹੈ। ਘਰ ਦੇ ਮਾਹੌਲ ਤੋਂ ਤੰਗ ਆ ਕੇ 'ਸ਼ਾਂਤੀ' ਇੱਕ ਫੈਕਟਰੀ ਵਿੱਚ ਨੌਕਰੀ ਕਰਨ ਲੱਗਦੀ ਹੈ ਇੱਥੇ ਹੀ ਉਸਦਾ ਮੇਲ 'ਜੌਹਨ' ਨਾਂ ਦੇ ਮੁੰਡੇ ਨਾਲ ਹੁੰਦਾ ਹੈ। 'ਜੌਹਨ' ਸ਼ਾਂਤ ਸੁਭਾਅ ਦਾ ਗੋਰਾ-ਨਿਸ਼ੋਹ,

ਨੀਲੀਆਂ ਅੱਖਾਂ ਵਾਲਾ ਜੁਆਨ ਹੈ। 'ਸ਼ਾਂਤੀ' ਅਤੇ 'ਜੌਹਨਾ' ਵਿੱਚ ਜੌਬ ਦੌਰਾਨ ਦੋਸਤੀ ਹੁੰਦੀ ਹੈ ਤੇ ਇਹ ਦੋਸਤੀ ਹੌਲੀ ਹੌਲੀ ਪਿਆਰ ਦੇ ਰੰਗ ਵਿੱਚ ਤਬਦੀਲ ਹੋ ਜਾਂਦੀ ਹੈ। 'ਸ਼ਾਂਤੀ' ਆਪਣੇ ਜੁਆਨ ਹੋ ਰਹੇ ਬੱਚਿਆਂ ਨੂੰ 'ਜੌਹਨਾ' ਨਾਲ ਮਿਲਵਾਉਂਦੀ ਹੈ। ਦੋਵਾਂ ਦੇ ਰਿਲੇਸ਼ਨਸ਼ਿਪ ਨੂੰ 12 ਸਾਲ ਹੋ ਚੱਲੇ ਪਰ 'ਜੌਹਨਾ' ਨੇ ਕਿਸੇ ਨੂੰ ਭਿਣਕ ਤੱਕ ਨਹੀਂ ਲੱਗਣ ਦਿੱਤੀ। ਇਸ ਰਿਲੇਸ਼ਨਸ਼ਿਪ ਦੇ ਚੱਲਦਿਆਂ 'ਸ਼ਾਂਤੀ' ਵਿੱਚ ਵੀ ਆਤਮ ਵਿਸ਼ਵਾਸ ਭਰ ਜਾਂਦਾ ਹੈ। ਇੱਕ ਦਿਨ 'ਸ਼ਾਂਤੀ' ਦੀ ਸਹੇਲੀ ਉਸਨੂੰ 'ਜੌਹਨਾ' ਨਾਲ ਰਿਲੇਸ਼ਨਸ਼ਿਪ ਬਾਰੇ ਗੱਲ ਕਰਦੀ ਹੈ ਅੱਗੋਂ ਜੋ ਜੁਆਬ 'ਸ਼ਾਂਤੀ' ਦਿੰਦੀ ਹੈ ਉਹ ਘਰ ਦੇ ਮਾਹੌਲ ਤੋਂ ਤੰਗ ਆ ਕੇ ਬਾਹਰ ਬਣੇ ਸਰੀਰਕ ਸੰਬੰਧਾਂ ਦੀ ਜਾਨਦਾਰ ਪੇਸ਼ਕਾਰੀ ਹੈ

"ਆਪ ਕੇ ਪਹਿਲੇ ਸਸੁਰਾਲ ਵਾਲੋਂ ਨੇ ਕੁਛ ਨਹੀਂ ਕਹਾ . . . ? ਜੈ ਸ੍ਰੀ ਨੂੰ ਜਿਵੇਂ ਅਚਾਨਕ ਕੋਈ ਸਵਾਲ ਯਾਦ ਆਇਆ
" ਉਹ ਤਾਂ ਉਦੋਂ ਨਹੀਂ ਕੁਛ ਕਹਿ ਸਕੇ ਜਦੋਂ ਮੈਂ 'ਕੱਲੀ ਕਾਰੀ ਸੀ। ਹੁਣ ਤਾਂ ਸੁੱਖ ਨਾਲ ਮੈਂ 'ਫਿਰੰਗੀਆਂ ਦੀ ਨੂੰਹ' ਆਂ। ਮੇਰੇ ਤਾਂ ਪਰਛਾਵੇਂ ਤੋਂ ਵੀ ਡਰਦੇ ਨੇ ਉਹ . . . ।[3]

ਇਸ ਕਥਨ ਵਿੱਚ ਕੋਈ ਅਤਿਕਥਨੀ ਨਹੀਂ ਕਿ ਬਗਾਵਤ ਹਮੇਸ਼ਾਂ ਦਬਾਅ ਅਤੇ ਅੱਤਿਆਚਾਰ ਦੀ ਪ੍ਰਤਿਕਿਰਿਆ ਹੁੰਦੀ ਹੈ। ਇੱਕ ਗੱਲ ਜੋ ਜ਼ਿਕਰਯੋਗ ਹੈ ਕਿ ਧਰਤੀ ਬਦਲ ਜਾਣ ਸੋਚ ਨਹੀਂ ਬਦਲਦੀ। 'ਸ਼ਾਂਤੀ' ਦਾ ਪਰਿਵਾਰ ਬੇਸ਼ੱਕ ਪੱਛਮੀ ਮੁਲਕ ਦੀ ਧਰਤੀ ਜਿੱਥੇ ਜੀਵਨ ਵਿੱਚ ਹਰ ਤਰ੍ਹਾਂ ਦੀ ਖੁੱਲ੍ਹ ਮੰਜ਼ੂਰ ਹੈ ਉਥੇ 'ਸ਼ਾਂਤੀ' ਅੱਤਿਆਚਾਰ ਦੇ ਅਧੀਨ ਜ਼ਿੰਦਗੀ ਜੀਉ ਰਹੀ ਹੈ। ਇਹ ਹਾਲਾਤ 'ਸ਼ਾਂਤੀ' ਜਿਹੀਆਂ ਬਹੁਤ ਸਾਰੀਆਂ ਵਿਆਹੁਤਾ ਕੁੜੀਆਂ ਨਾਲ ਬਣਦੇ ਹਨ।

ਪੈਸੇ ਅਤੇ ਰੁਜ਼ਗਾਰ ਦੀ ਭਾਲ ਵਿੱਚ ਪੱਛਮੀ ਮੁਲਕਾਂ ਵਿੱਚ ਸਥਾਪਿਤ ਕੀਤੇ ਵਸੇਬੇ ਇੱਕ ਹੋਰ ਤ੍ਰਾਸਦਿਕ ਮੋੜ ਕੱਟਦੇ ਹਨ। ਇੱਧਰ ਵਿਆਹਿਆ ਹੋਇਆ ਮੁੰਡਾ ਬਾਹਰਲੇ ਮੁਲਕ ਵਿੱਚ ਆਪਣੇ ਆਪ ਨੂੰ 'ਸੈਟ' ਅਤੇ ' ਫਿੱਟ' ਕਰਨ ਲਈ ਹਰ ਤਰ੍ਹਾਂ ਦੇ ਹੀਲੇ- ਵਸੀਲੇ ਕਰਦਾ ਹੈ। ਮਜ਼ਬੂਰੀ ਅਧੀਨ ਓਧਰ ਦੀਆਂ ਗੋਰੀਆਂ ਮੇਮਾਂ ਨਾਲ ਆਰਜ਼ੀ ਵਿਆਹ ਵੀ ਕਰਵਾਉਣੇ ਪੈਂਦੇ ਹਨ, ਜਿਹੜੇ ਸਮਾਂ ਪਾ ਕੇ ਪੱਕੇ ਵਿਆਹਾਂ ਦਾ ਰੂਪ ਧਾਰਨ ਕਰਦੇ ਹਨ। ਆਪਣੇ ਵਤਨ ਵਿੱਚ ਪਿੱਛੇ ਛੱਡੀ ਘਰਵਾਲੀ ਅਤੇ ਬੱਚੇ ਜਦੋਂ ਆਪਣੇ ਕੋਲ ਬੁਲਾਏ ਜਾਂਦੇ ਹਨ ਤਾਂ ਦੋ ਸੱਭਿਆਚਾਰਾਂ ਦੀਆਂ ਔਰਤਾਂ ਦੇ ਵਿੱਚ ਜੋ ਖਿੱਚੋਤਾਣ ਹੁੰਦੀ ਹੈ ਉਹ ਵੀ ਗੰਭੀਰ ਨੋਟਿਸ ਦੀ ਮੰਗ ਕਰਦੀਆਂਹਨ। ਅਜਿਹੇ ਹਾਲਾਤ 'ਰਜ਼ਾਈ' ਕਹਾਣੀ ਵਿੱਚ ਵਾਪਰਦੇ ਹਨ। 'ਕੁਲਦੀਪ' ਕੁਝ ਸਮਾਂ ਪਹਿਲਾਂ ਪੈਸਾ ਕਮਾਉਣ ਦੀ ਖ਼ਾਤਿਰ ਇੰਗਲੈਂਡ ਆਇਆ। ਇੱਥੇ ਹੀ ਉਸਦਾ ਵਿਆਹ ਇੱਕ ਗੋਰੀ ਮੇਮ ਨਾਲ ਹੋਇਆ ਜਿਸ ਦੀ ਕੁੱਖੋਂ ਬੱਚੇ ਵੀ ਪੈਦਾ ਹੋਏ, ਪਰ ਸਥਿਤੀ ਉਦੋਂ ਤ੍ਰਾਸਦਿਕ ਹੋ ਉੱਠਦੀ ਹੈ ਜਦੋਂ 'ਕੁਲਦੀਪ' ਨੇ ਪਹਿਲੀ ਘਰਵਾਲੀ 'ਹਰਬੰਸ ਕੌਰ' ਬੱਚਿਆਂ ਸਮੇਤ 'ਕੁਲਦੀਪ' ਕੋਲ ਆ ਜਾਂਦੀ ਹੈ। 'ਕੁਲਦੀਪ' ਦੀ ਜਾਨ ਹੁਣ ਦੋ ਪਾਸੜ ਵੰਡੀ ਜਾਂਦੀ ਹੈ ਹੈਰਾਨ ਤੇ ਪ੍ਰੇਸ਼ਾਨ ਹੋਏ 'ਕੁਲਦੀਪ' ਦੇ ਵਾਰਤਾਲਾਪ ਇੱਥੇ ਧਿਆਨ ਦੇਣ ਯੋਗ ਹਨ :-

" ਪਰ ਮੇਰਾ ਤਾਂ ਹੋਰ ਵੀ ਟੱਬਰ ਐ ਇਥੇ . . .। ਮੈਂ ਤਾਂ ਵਿਆਹ ਕਰਾ ਲਿਆ ਸੀ ਵਲੈਤ 'ਚ ਆ ਕੇ। ਏਨੇ ਠੰਡੇ ਮੁਲਕ 'ਚ 'ਕੱਲੇ ਬੰਦੇ ਦਾ ਕੀ ਬਣਦੈ . . . ।
ਮੇਰੀ ਤੀਵੀਂ ਗੋਰੀ ਐ, ਦੋ ਬੱਚੇ ਨੇ . . . ।[4]

'ਕੁਲਦੀਪ' 'ਹਰਬੰਸ ਕੌਰ' ਨੂੰ ਰੱਖ ਕੇ ਖੁਸ਼ ਨਹੀਂ ਉਸਨੂੰ ਵਾਪਸ ਜਾਣ ਲਈ ਜ਼ੋਰ ਪਾਉਂਦਾ ਹੈ। ਹਾਲਾਤਾਂ ਦੀ ਮਾਰੀ ਹੋਈ 'ਹਰਬੰਸ' 'ਕੁਲਦੀਪ' ਨੂੰ ਕਹਿੰਦੀ ਹੈ :-

"ਮੈਂ ਕਿੱਥੇ ਮੁੜੂੰਗੀ ਹੁਣ ? ਇੱਥੇ ਰਹੀ ਜਾਨੀ ਆਂ . . . । ਲੋਕ ਦੋ-ਦੋ ਵਿਆਹ ਕਰਾ ਹੀ ਲੈਂਦੇ ਨੇ।"[5]

ਜਦੋਂ 'ਕੁਲਦੀਪ' ਨੂੰ ਕੋਈ ਗੱਲ ਸਿਰੇ ਲੱਗਦੀ ਨਾ ਜਾਪੀ ਤਾਂ ਉਹ 'ਹਰਬੰਸ' ਨੂੰ ਲੈ ਕੇ ਕਿਸੇ ਅਣਜਾਣੀ ਜਗ੍ਹਾ 'ਤੇ ਛੱਡ ਆਇਆ ਅਤੇ ਦੂਜੇ ਦਿਨ ਲੈ ਕੇ ਜਾਣ ਦਾ ਵਾਅਦਾ ਕੀਤਾ ਪਰ 'ਕੁਲਦੀਪ' ਕਦੇ ਵਾਪਸ ਨਹੀਂ ਗਿਆ। ਠੰਡ ਦੇ ਕਾਰਨ ਦੋਵੇਂ ਬੱਚੇ ਸੌਂ ਵੀ ਨਹੀਂ ਸਕੇ ਸਨ। ਬੱਚਿਆਂ ਦੀ ਪੀੜ ਨਾ ਸਹਾਰਦੀ ਹੋਈ 'ਹਰਬੰਸ' ਨੇ ਗੁਆਂਢੀਆਂ ਦਾ ਬੂਹਾ ਖੜ੍ਹਕਾਇਆ ਅਤੇ ਇੱਕ ਰਜ਼ਾਈ ਉਧਾਰੀ ਮੰਗੀ ਜਦੋਂ ਮਕਾਨ ਮਾਲਕ ਨੇ ਉਸ ਬਾਰੇ ਪੁੱਛਿਆ ਤਾਂ ਪਤਾ ਚੱਲਿਆ ਕਿ 'ਕੁਲਦੀਪ' ਚੰਗਾ

ਬੰਦਾ ਨਹੀਂ ਸੀ। 'ਕਰਨੈਲ ਸਿੰਘ ਫ਼ੌਜੀ' ਉਧੇੜ ਉਮਰ ਦਾ ਬੰਦਾ ਹੈ ਜਿਸਨੇ ਹਮਦਰਦੀ ਕਰਕੇ 'ਹਰਬੰਸ ਕੌਰ' ਨੂੰ ਆਪਣੇ ਘਰ ਬੁਲਾ ਲਿਆ ਕਿਉਂਕਿ ਬਾਹਰ ਬਰਫ਼ਬਾਰੀ ਹੋ ਰਹੀ ਸੀ ਜੋ ਬੱਚਿਆਂ ਦੇ ਸਿਰ ਉੱਪਰ ਪੈ ਰਹੀ ਸੀ ਦੋਵੇਂ ਬੱਚੇ ਭੱਜ ਕੇ ਹੀਟਰ ਦੁਆਲੇ ਬੈਠ ਗਏ। 'ਕਰਨੈਲਾ' ਰਸੋਈ ਵਿੱਚੋਂ ਦੋ ਪੈਕਟ ਬਿਸਕੁਟਾਂ ਦੇ ਲਿਆ ਕੇ ਬੱਚਿਆਂ ਨੂੰ ਦਿੰਦਾ ਹੈ ਤੇ ਨਾਲ ਹੀ ਚਾਹ ਵੀ। ਇਸ ਤੋਂ ਬਾਅਦ ਜਿਵੇਂ 'ਹਰਬੰਸ ਕੌਰ' ਫੌਜੀ ਦੀ ਕਰਜ਼ਾਈ ਹੋ ਗਈ ਹੋਵੇ ਤੇ ਸਾਰੀ ਉਮਰ 'ਕਰਨੈਲ ਸਿੰਘ ਫ਼ੌਜੀ' ਦੀ ਦਿੱਤੀ ਰਜ਼ਾਈ ਨੂੰ ਹਿੱਕ ਨਾਲ ਲਾ ਰੱਖਦੀ ਰਹੀ।

ਅਜੋਕੇ ਯੁੱਗ ਵਿੱਚ ਔਰਤ ਆਤਮ ਨਿਰਭਰ ਹੋ ਗਈ ਹੈ। ਆਤਮ ਨਿਰਭਰ ਹੋਣ ਨਾਲ ਮਾਡਰਨ ਔਰਤ ਇਕੱਲੀ ਰਹਿਣ ਲੱਗ ਪਈ ਹੈ। ਇਹ ਫ਼ੈਸ਼ਨ ਔਰਤ ਲਈ ਬਹੁਤ ਨੁਕਸਾਨਦਾਇਕ ਸਾਬਿਤ ਹੋ ਰਿਹਾ ਹੈ। ਇਸ ਤਰ੍ਹਾਂ ਦੀ ਜ਼ਿੰਦਗੀ ਇੱਕ ਹੀ ਧੁਰੇ ਉੱਪਰ ਟਿਕੀ ਹੋਈ ਹੈ ਤੇ ਉਹ ਧੁਰਾ ਹੈ **GIVE & TAKE** . ਕੋਈ ਵੀ ਇਨਸਾਨ **Perfect** ਨਹੀਂ। ਹਰ ਰਿਸ਼ਤੇ ਵਿੱਚ ਸਮਝੌਤਾ ਜ਼ਰੂਰੀ ਹੈ। ਇੱਕੀਵੀਂ ਸਦੀ ਦੀ ਇੱਕ ਹੋਰ ਲੱਭਤ ਹੈ ਕੰਮਕਾਜ਼ੀ ਆਜ਼ਾਦ ਔਰਤ। ਆਜ਼ਾਦ ਔਰਤ ਆਪਣੇ ਪੈਰਾਂ 'ਤੇ ਖੜ੍ਹੀ ਬਗਾਵਤ ਦਾ ਝੰਡਾ ਚੁੱਕੀ ਹਰ ਸਮਾਜ-ਸੁਸਾਇਟੀ ਤੋਂ ਬਾਗੀ ਹੈ। ਉਹ ਸਿਰਫ਼ ਪੈਸਾ ਕਮਾਉਣ ਵਿੱਚ ਮਸ਼ਰੂਫ਼ ਹੈ। ਔਰਤ ਪੈਸਾ ਕਮਾ ਕੇ ਦੁਨੀਆ ਨੂੰ ਜਿੱਤਣ ਦੇ ਭਰਮ ਵਿੱਚ ਗ੍ਰਸਤ ਹੈ ਪਰ ਅਸਲੀਅਤ ਇਹ ਹੈ ਕਿ ( ਖਾਸ ਕਰਕੇ ਸਾਡੇ ਭਾਰਤੀ ਸਮਾਜ ਵਿੱਚ ) ਔਰਤ ਨੂੰ ਔਰਤ ਹੋਣ ਦਾ ਮਾਣ ਮਾਂ ਬਣਨ ਉਪਰੰਤ ਹੀ ਹਾਸਿਲ ਹੁੰਦਾ ਹੈ। ਇਸ ਤਰ੍ਹਾਂ ਦੇ ਬਿਰਤਾਂਤ 'ਸੁੱਕੀ ਖੂਹੀ' ਕਹਾਣੀ ਵਿੱਚ ਵੇਖਣ ਨੂੰ ਮਿਲਦੇ ਹਨ। ਕਹਾਣੀ ਦਾ ਪਾਤਰ 'ਸ਼ੈਲੀ' ਆਧੁਨਿਕ ਔਰਤ ਦੀ ਪ੍ਰਤਿਨਿਧਤਾ ਕਰਦੀ ਪਾਤਰ ਹੈ , ਉਹ ਔਰਤ ਦੇ ਇਸ ਉਥਾਨ ਦੀ ਸ਼ਾਹਦੀ ਭਰਦੀ ਹੈ :-

" ਸਦੀਆਂ ਪਹਿਲਾਂ ਕਿੱਥੇ ਹੁੰਦਾ ਸੀ ਇਹ ? ਔਰਤ ਲਿਤਾੜੀ ਜਾਂਦੀ ਰਹੀ ਹੈ . . . ।" (6)

ਇਸ ਆਧੁਨਿਕ ਔਰਤ ਦੀ ਤ੍ਰਾਸਦੀ ਹੋਰ ਹੈ। ਆਜ਼ਾਦੀ ਨੂੰ ਮਾਣਦੀ ਔਰਤ ਔਰਤ ਦੇ ਬਿੰਬ ਤੋਂ ਪਾਸੇ ਹਟ ਕੇ ਇੱਕ ਵਸਤੂ ਵਿੱਚ ਤਬਦੀਲ ਹੋ ਗਈ ਹੈ। ਅਜੋਕੀ ਵਿਸ਼ਵ ਮੰਡੀ ਵਿੱਚ ਔਰਤ ਇੱਕ ਵਸਤੂ ਵਾਂਗ ਵੇਚੀ-ਖਰੀਦੀ ਤੇ ਭੋਗੀ ਜਾ ਰਹੀ ਹੈ। ਇਹ ਆਜ਼ਾਦੀ ਔਰਤ ਨੂੰ ਮਹਿੰਗੇ ਮੁੱਲ ਮਿਲ ਕੇ ਮਹਿੰਗੀ ਪੈ ਰਹੀ ਹੈ। ਇਸ ਦੌਰ ਦਾ ਦੂਜਾ ਪੱਖ ਇਹ ਵੀ ਹੈ ਕਿ ਜਿਸ ਤਰ੍ਹਾਂ ਔਰਤ ਇੱਕ ਵਸਤੂ ਵਾਂਗਰ ਵੇਚੀ-ਖਰੀਦੀ ਤੇ ਭੋਗੀ ਜਾ ਰਹੀ ਹੈ ਉਸੇ ਤਰ੍ਹਾਂ ਔਰਤ ਵੀ ਇੱਕ ਵਪਾਰਕ ਨਜ਼ਰੀਆ ਅਖ਼ਤਿਆਰ ਕਰ ਚੁੱਕੀ ਹੈ। ਅਜੋਕੇ ਸਮਾਜ ਵਿੱਚ ਇੱਕ ਹੋਰ ਸੱਭਿਆਚਾਰ ਖਾਸ ਕਰਕੇ ਜਿਸਮ ਫਰੋਸ਼ੀ ਦੇ ਸੰਦਰਭ ਵਿੱਚ ਉੱਭਰ ਰਿਹਾ ਹੈ ਉਹ ਇਹ ਕਿ ਹੁਣ ਸਿਰਫ਼ ਔਰਤ ਹੀ ਵੇਸਵਾ ਨਹੀਂ ਮਰਦ ਵੀ ਹੈ। ਕਹਾਣੀ ਵਿੱਚ 'ਐਮੀ' ਆਪਣੀ ਘਰਵਾਲੀ ਨਾਲ ਤਲਾਕ ਲੈਣ ਦੇ ਚੱਕਰ ਵਿੱਚ ਹੈ **।** ਦੋਵੇਂ ਅਲੱਗ ਅਲੱਗ ਰਹਿ ਰਹੇ ਹਨ ਪਰ 'ਐਮੀ' ਕੋਲ ਪੈਸੇ ਨਾ ਹੋਣ ਕਾਰਨ ਤਲਾਕ ਨਹੀਂ ਹੋ ਰਿਹਾ। ਅਜੋਕੇ ਅਖ਼ੌਤੀ ਮਰਦ ਸਮਾਜ ਦੇ ਲਈ ਇੱਕ ਵੰਗਾਰ 'ਸ਼ੈਲੀ' ਦੇ ਮੂੰਹੋਂ ਇਸ ਤਰ੍ਹਾਂ ਪੇਸ਼ ਹੁੰਦੀ ਹੈ :-

"ਵਾਏ ਨੋਟ . . .? ਮਰਦ ਪੈਸੇ ਦੇ ਕੇ ਔਰਤਾਂ ਖਰੀਦਦੇ ਨੇ. . . ਮੈਂ ਪੈਸੇ ਦੇ ਕੇ ਮਰਦ ਖ਼ਰੀਦ ਲਵਾਂਗੀ . . .। ਬੁਰਾ ਵੀ ਕੀ ਹੈ।" (7)

ਐਮੀ ਤੇ ਸ਼ੈਲੀ ਨੂੰ ਇਕੱਠਿਆਂ ਰਹਿੰਦਿਆਂ ਸ਼ੈਲੀ ਦੇ ਗਰਭਵਤੀ ਹੋਣ ਦਾ ਭੁਲੇਖਾ ਪੈਂਦਾ ਹੈ ਜੋ ਕਿ ਡਾਕਟਰੀ ਮੁਆਇਨੇ ਬਾਅਦ ਦੂਰ ਹੋ ਜਾਂਦਾ ਹੈ। ਜਿਸ ਤੋਂ ਸ਼ੈਲੀ ਨਿਢਾਲ ਹੋ ਜਾਂਦੀ ਹੈ ਤੇ ਖ਼ੁਦ ਨੂੰ 'ਸੁੱਕੀ ਖੂਹੀ' ਦੇ ਬਰਾਬਰ ਤੁਲਨਾਉਂਦੀ ਹੈ। ਅਸਲ ਵਿੱਚ ਔਰਤ ਨੂੰ ਸਮਾਜ ਤਦ ਹੀ ਸਵੀਕਾਰ ਕਰਦਾ ਹੈ ਜਦ ਤੱਕ ਉਹ ਸਮਾਜ ਵਿੱਚ ਆਪਣੇ ਅੰਸ਼ ਨੂੰ ਪੇਸ਼ ਨਹੀਂ ਕਰਦੀ। ਬੇਸ਼ੱਕ ਜ਼ਮਾਨਾ ਆਧੁਨਿਕ ਆ ਗਿਆ, ਔਰਤ ਆਜ਼ਾਦ ਹੋਈ ਪਰ ਮਾਂ ਦੇ ਸੁੱਖ ਤੋਂ ਵਿਰਵੀ ਔਰਤ ਅੱਜ ਵੀ ਸਮਾਜ ਵੱਲੋਂ ਦੁਰਕਾਰੀ ਜਾਂਦੀ ਹੈ। ਇਸੇ ਲਈ ਇਸ ਪੀੜ ਨੂੰ 'ਸ਼ੈਲੀ' ਮਹਿਸੂਸ ਕਰਦੀ ਹੈ ਤੇ ਆਪਣੇ ਆਪ ਨੂੰ ਇੱਕ 'ਸੁੱਕੀ ਖੂਹੀ' ਮਹਿਸੂਸ ਕਰਦੀ ਹੈ, ਜਿਸ ਵਿੱਚ ਸੋਕਾ ਅਤੇ ਹਨੇਰਾ ਹੀ ਦਿਖਾਈ ਦਿੰਦਾ ਹੈ।

ਭਾਰਤੀ ਸੱਭਿਅਤਾ 'ਤੇ ਨਜ਼ਰ ਮਾਰਿਆਂ ਪਤਾ ਚੱਲਦਾ ਹੈ ਕਿ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਨੂੰ ਆਪਣੇ ਹਾਣ ਦਾ ਵਰ ਟੋਲਣ ਦਾ ਵੀ ਹੱਕ ਪ੍ਰਾਪਤ ਨਹੀਂ ਜਿਸ ਕਰਕੇ ਔਰਤ ਦੇ ਮਨ ਦੀਆਂ ਮਨ ਹੀ ਰਹਿ ਜਾਂਦੀਆਂ ਹਨ ਤੇ ਉਹ ਸਿਸਕ ਸਿਸਕ ਕੇ ਜ਼ਿੰਦਗੀ ਹੰਢਾਉਣ ਲਈ ਮਜ਼ਬੂਰ ਹੈ। 'ਫਰੰਗੀਆਂ ਦੀ ਨੂੰਹ' ਵਿਚਲੀ ਕਹਾਣੀ 'ਚੁੱਪਕੀਤੀ' ਅਜਿਹੇ ਹੀ ਵਿਸ਼ੇ 'ਤੇ ਆਧਾਰਿਤ ਹੈ। ਕਹਾਣੀ ਦੀ ਪਾਤਰ। 'ਬਿੱਲੋ' ਜੋ ਛੀਂਬਿਆਂ ਦੇ 'ਸੁਰਜੀਤ' ਨੂੰ ਪਿਆਰ ਕਰਦੀ ਹੈ ਪਰ ਜਾਤੀ ਬੰਦਿਸ਼ਾਂ ਦੇ ਕਾਰਨ 'ਬਿੱਲੋ' 'ਸੁਰਜੀਤ' ਦੀ ਕਦੇ ਨਾ ਹੋ ਸਕੀ। ਇਹਨਾਂ ਦਿਨਾਂ ਵਿੱਚ 'ਬਿੱਲੋ' ਦਾ ਪਿਉ

'ਬਿੱਲੋ' ਦਾ ਵਿਆਹ ਦਿੱਲੀ ਦੇ 'ਮਦਨਾ' ਨਾਲ ਕਰ ਦਿੰਦਾ ਹੈ। 'ਮਦਨਾ' ਸਿਰੋਂ ਗੰਜਾ ਤੇ ਪੱਕੀ ਉਮਰ ਦਾ ਬੰਦਾ ਹੈ। ਜਦੋਂ ਉਹ ਪਹਿਲੀ ਵਾਰ 'ਬਿੱਲੋ' ਨੂੰ ਦੇਖਣ ਆਇਆ ਤਾਂ 'ਬਿੱਲੋ' ਦੇ ਦਿਲ 'ਚੋਂ ਇੱਕ ਹਉਂਕਾ ਨਿਕਲਿਆ

" ਬਾਪੂ ਮੁੰਡਾ ਤੇਰੇ ਹਾਣ ਦਾ . . .। ਬਿੱਲੋ ਦੇ ਅੰਦਰ ਕਿਤੇ ਚੀਸ ਪਈ, ਪਰ ਉਹ ਚੁੱਪ ਰਹੀ। ਬੋਲ ਵੀ ਕੀ ਸਕਦੀ ਸੀ ?" [(8)]

'ਮਦਨਾ' ਦਾ ਪਰਿਵਾਰ। 'ਬਿੱਲੋ' ਨੂੰ ਵੇਖਣ ਆਇਆ ਹੀ ਲੈ ਗਿਆ। ਇੱਕ ਦਿਨ ਵਿੱਚ ਹੀ ਵੇਖ-ਵਖਾਈ, ਮੰਗਣੀ ਤੇ ਮੁਕਲਾਵਾ ਹੋ ਗਿਆ। ਸਹੁਰੇ ਘਰ ਕੁਝ ਦਿਨ ਰਹਿਣ ਮਗਰੋਂ 'ਮਦਨਾ' ਤੇ 'ਬਿੱਲੋ' ਇੰਗਲੈਂਡ ਪਹੁੰਚ ਗਏ। ਇੰਗਲੈਂਡ ਜਾ ਕੇ ਕਹਾਣੀ ਇੱਕ ਹੋਰ ਮੋੜ ਖਾਂਦੀ ਹੈ। 'ਬਿੱਲੋ' ਦੇ ਵਿਆਹ ਨੂੰ 12 ਸਾਲ ਹੋ ਚੁੱਕੇ ਹਨ। 'ਮਦਨਾ' ਤੋਂ 'ਬਿੱਲੋ' ਨੂੰ ਉਹ ਸੁੱਖ ਪ੍ਰਾਪਤ ਨਾ ਹੋਇਆ ਜੋ ਇੱਕ ਵਿਆਹੁਤਾ ਮੁਟਿਆਰ ਆਪਣੇ ਪਤੀ ਤੋਂ ਚਾਹੁੰਦੀ ਹੈ। ਹਾਲਾਤਾਂ ਦੇ ਚੱਲਦਿਆਂ 'ਬਿੱਲੋ' 'ਮਦਨਾ' ਦੇ ਦੋਸਤ 'ਜਗਦੀਸ਼' ਦੇ ਨੇੜੇ ਆਉਂਦੀ ਹੈ ਤੇ ਮੁੜ ਹਾਰ-ਸ਼ਿੰਗਾਰ ਕਰਨ ਲੱਗ ਪੈਂਦੀ ਹੈ। 'ਮਦਨਾ' ਨੂੰ ਇਹ ਰਿਸ਼ਤਾ ਸੁਖਾਵਾਂ ਨਹੀਂ ਲੱਗਦਾ ਤੇ ਉਹ 'ਬਿੱਲੋ' ਨੂੰ ਛੀਂਬਿਆਂ ਦੇ ਮੁੰਡੇ ਦਾ ਮਿਹਣਾ ਦਿੰਦਾ ਹੈ ਇਸਦੇ ਜਵਾਬ ਵਿੱਚ 'ਬਿੱਲੋ' ਉਸਦੇ ਸਾਰੇ ਪਾਜ਼ ਖੋਲ੍ਹਦੀ ਹੈ ਤੇ ਉਸਦੇ ਇਸ਼ਕ-ਮੁਸ਼ਕ ਬਾਰੇ ਵੀ ਦੱਸਦੀ ਹੈ ਤਾਂ 'ਮਦਨਾ' ਦੀ ਵਾਰਤਾਲਾਪ ਸਾਡੇ ਮਰਦ-ਪ੍ਰਧਾਨ ਸਮਾਜ ਦੀ ਨੁਮਾਇੰਦਗੀ ਕਰਦੀ ਹੈ :-

" ਤੂੰ ਚੁੱਪਕੀਤੀਏ. . . ਇੱਦਾਂ ਵੀ ਬੋਲ ਸਕਦੀ ਹੈਂ ? ਮਦਨ ਹੈਰਾਨ ਹੋਇਆ।" [(9)]

ਸਦੀਆਂ ਤੋਂ ਔਰਤਾਂ ਨੂੰ ਅਧੀਨਗੀ ਅਧੀਨ ਰੱਖਿਆ ਜਾਂਦਾ ਰਿਹਾ ਹੈ ਜੇਕਰ ਔਰਤ ਇਸ ਅਧੀਨਗੀ ਤੋਂ ਬਾਗੀ ਹੁੰਦੀ ਹੈ ਤਾਂ ਅਜਿਹਾ ਵਰਤਾਰਾ ਅਸਹਿ ਹੋ ਜਾਂਦਾ ਹੈ। ਇਸ ਗੱਲ ਦਾ ਪ੍ਰਤੱਖ ਪ੍ਰਮਾਣ 'ਬਿੱਲੋ' ਦੀ ਵਾਰਤਾਲਾਪ ਤੋਂ ਭਲੀਭਾਂਤ ਲਿਆ ਜਾ ਸਕਦਾ ਹੈ :-

" ਚੁੱਪਕੀਤੀਆਂ ਬਣਾ ਦਿੱਤਾ ਜਾਂਦੈ ਸਾਨੂੰ। ਅਖੇ ਕੁੜੀਆਂ ਨਹੀਂ ਬੋਲਦੀਆਂ ਹੁੰਦੀਆਂ। ਸਾਨੂੰ ਬੋਲਣ ਦਾ ਵੀ ਹੱਕ ਨੀ ਐ ਤੇ ਤੁਸੀਂ ਭਾਵੇਂ ਖੂਹ ਪੁੱਟਦੇ ਫਿਰੋ . . . । ਬਿੱਲੋ ਜਿਵੇਂ ਕਈ ਸਾਲਾਂ ਦੀ ਭਰੀ ਪੀਤੀ ਅੱਜ ਉੱਬਲ ਪਈ ਸੀ।" ([10])

'ਫਰੰਗੀਆਂ ਦੀ ਨੂੰਹ' ਸੰਗ੍ਰਹਿ ਵਿਚਲੀਆਂ ਕਹਾਣੀਆਂ ਸਾਂਝੇ ਅਤੇ ਵੱਖੋ ਵੱਖਰੇ ਪੱਖਾਂ ਨੂੰ ਪੇਸ਼ ਕਰਦੀਆਂ ਹਨ। ਇਹਨਾਂ ਵੱਖੋ ਵੱਖਰੇ ਪੱਖਾਂ ਵਿੱਚ ਵਸਤੂ, ਵਿਧੀ ਅਤੇ ਦ੍ਰਿਸ਼ਟੀ ਦੇ ਕਈ ਪਹਿਲੂ ਸਾਕਾਰ ਹੁੰਦੇ ਹਨ। ਹਰੇਕ ਕਹਾਣੀ ਦਾ ਬਿਰਤਾਂਤ ਸਿਰਲੇਖਾਂ ਅਧੀਨ ਵੱਖੋ ਵੱਖਰੇ ਪੜਾਵਾਂ ਵਿੱਚ ਦਾਖ਼ਲ ਹੁੰਦਾ ਯਥਾਰਥ ਦੀਆਂ ਬਹੁ-ਕੋਣੀ ਪਰਤਾਂ ਦੁਆਲੇ ਘੁੰਮਦਾ ਹੈ ਤੇ ਨਵ-ਅਰਥੀ ਮੁੱਲ ਸਥਾਪਿਤ ਕਰਦਾ ਹੈ। ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਡੂੰਘੇ ਹੁੰਦੇ ਜਾ ਰਹੇ ਸੰਕਟ ਜਿੱਥੇ ਪਾਠਕ ਨੂੰ ਹਲੂਣਦੇ ਹਨ ਉੱਥੇ ਨਵੀਂ ਪੀੜ੍ਹੀ ਦੀ ਸੋਚ ਨੂੰ ਵੀ ਪੇਸ਼ ਕਰਦੇ ਹਨ। ਇਸ ਸੋਚ ਵਿੱਚ ਜੀਵਨ ਦੀਆਂ ਕਈ ਠੋਸ ਹਕੀਕਤਾਂ ਉਜਾਗਰ ਹੁੰਦੀਆਂ ਹਨ। ਸਾਰੀਆਂ ਕਹਾਣੀਆਂ ਨਵੀਂ ਸੋਚ, ਨਵੀਂ ਧਾਰਨਾ, ਨਵੇਂ ਯੁੱਗ, ਨਵੀਂ ਪੀੜ੍ਹੀ, ਨਵੀਂ ਸਦੀ ਦੀ ਪ੍ਰਤੀਨਿਧਤਾ ਕਰਦੀਆਂ ਹਨ।

## ਹਵਾਲੇ ਅਤੇ ਟਿੱਪਣੀਆਂ

**1. ਰਜਨੀਸ਼ ਬਹਾਦਰ ਸਿੰਘ, 2006 ਦੀ ਕਹਾਣੀ ਦੇ ਸਰੋਕਾਰ, ਚੂੜੇ ਵਾਲੀ ਬਾਂਹ ਤੇ ਹੋਰ ਕਹਾਣੀਆਂ, ਪੰਨਾ - 7**

**2. ਵੀਨਾ ਵਰਮਾ, ਫਰੰਗੀਆਂ ਦੀ ਨੂੰਹ, ਸਮਰਪਣ, ਪੰਨਾ- 9**

**3.ਉਹੀ, ਪੰਨਾ - 275**

**4.ਉਹੀ, ਪੰਨਾ - 15**

5. ਉਹੀ

6.ਉਹੀ, ਪੰਨਾ - 60

7. ਉਹੀ, ਪੰਨਾ - 63

8. ਉਹੀ, ਪੰਨਾ - 148

9. ਉਹੀ, ਪੰਨਾ- 157

10. ਉਹੀ